# ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ

**ਪਿਛੋਕੜ:** ਭਾਰਤ ਦੇ ਹੋਰ ਵੱਡੇ ਸ਼ਹਿਰਾਂ ਦੀ ਤਰਾਂ, ਅੰਮ੍ਰਿਤਸਰ ਨੂੰ ਵੀ ਕਈ ਸ਼ਹਿਰੀ ਸੇਵਾਵਾਂ ਨੂੰ ਕੁਸ਼ਲਤਾ ਨਾਲ ਪ੍ਰਦਾਨ ਕਰਨ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ ਵਿੱਚ ਹੋਰ ਸ਼ਹਿਰੀ ਬੁਨਿਆਦੀ ਢਾਂਚਾ ਸੇਵਾਵਾਂ ਦੀ ਤਰਾਂ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਮੰਗ ਵਿੱਚ ਲਗਾਤਾਰ ਗੈਪ ਵਧਦਾ ਜਾ ਰਿਹਾ ਹੈ। ਸ਼ਹਿਰ ਦੀ ਮੌਜੂਦਾ ਜਲ ਸਪਲਾਈ ਪ੍ਰਣਾਲੀ  ਸਮੁੱਚੀ ਆਬਾਦੀ ਦੀ ਮੰਗ ਨੂੰ ਪੂਰਾ ਕਰਨ ਲਈ ਢੁਕਵੀਂ ਨਹੀਂ ਹੈ ਅਤੇ ਪੂਰੀ ਤਰ੍ਹਾਂ ਧਰਤੀ ਹੇਠਲੇ ਪਾਣੀ ਦੇ ਸਰੋਤ 'ਤੇ ਨਿਰਭਰ ਹੈ। ਅੰਮ੍ਰਿਤਸਰ ਲਗਭਗ 550-600 ਟਿਊਬਵੈੱਲਾਂ ਤੋਂ 1200 ਕਿਲੋਮੀਟਰ ਲੰਬੇ ਪਾਈਪਲਾਈਨ ਨੈੱਟਵਰਕ ਰਾਹੀਂ ਲਗਭਗ 2,00,000 ਵਾਟਰ ਕੁਨੈਕਸ਼ਨਾਂ ਤੱਕ ਪਾਣੀ ਪਹੁੰਚਾਉਣ ਲਈ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੈ। ਵਰਤਮਾਨ ਸਮੇਂ ਵਿੱਚ ਅੰਮ੍ਰਿਤਸਰ ਨਗਰ ਨਿਗਮ ਵਲੋਂ ਖਪਤਕਾਰਾਂ ਨੂੰ ਰੋਜਾਨਾ 08-10 ਘੰਟੇ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ।

ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਵਰਤੋਂ ਕਾਰਨ ਅੰਮ੍ਰਿਤਸਰ ਵਿੱਚ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਅੰਮ੍ਰਿਤਸਰ ਵਿੱਚ ਸਾਲ 1984 ਤੋਂ 2016 ਦਰਮਿਆਨ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ 10 ਤੋਂ 15 ਮੀਟਰ ਦੀ ਗਿਰਾਵਟ ਦਰਜ਼ ਕੀਤੀ ਗਈ ਹੈ। ਇਸ ਲਈ, ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਠੱਲ ਪਾਉਣ ਲਈ ਅਤੇ ਭਵਿੱਖ ਦੀ ਜਰੂਰਤਾਂ ਨੂੰ ਪੂਰਾ ਕਰਨ ਲਈ ਇਹ ਸਮੇਂ ਦੀ ਲੋੜ ਹੈ ਕਿ ਪਾਣੀ ਦੇ ਸਰੋਤ ਨੂੰ ਧਰਤੀ ਦੇ ਹੇਠਾਂ ਤੋਂ ਧਰਤੀ ਦੇ ਸਤਹ ਵੱਲ ਤਬਦੀਲ ਕੀਤਾ ਜਾਵੇ। ਇਸ ਲਈ ਅੰਮ੍ਰਿਤਸਰ ਨਗਰ ਨਿਗਮ ਵਲੋਂ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਪੰਜਾਬ ਮਿਉਂਸਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ ਤਹਿਤ ਵੱਲਾ ਪਿੰਡ ਦੇ ਨੇੜੇ 44 ਕਰੋੜ ਲੀਟਰ ਪ੍ਰਤੀ ਦਿਨ ਸਮਰੱਥਾ ਵਾਲੇ ਵਾਟਰ ਟ੍ਰੀਟਮੈਂਟ ਪਲਾਂਟ ਦੇ ਨਿਰਮਾਣ ਦਾ ਕੰਮ ਡਿਜ਼ਾਈਨ-ਬਿਲਡ-ਓਪਰੇਟ ਐਂਡ ਟ੍ਰਾਂਸਫਰ (DBOT) ਆਧਾਰ ਤੇ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਸ਼ਹਿਰ ਲਈ ਪ੍ਰਸਤਾਵਿਤ ਸਤਹੀ ਪਾਣੀ ਦੀ ਸਪਲਾਈ ਦਾ ਸਰੋਤ ਅੱਪਰ ਬਾਰੀ ਦੁਆਬ ਨਹਿਰ (UBDC) ਹੈ, ਜਿਸ ਨੂੰ ਟ੍ਰੀਟਮੈਂਟ ਤੋਂ ਬਾਅਦ, ਪੂਰੇ ਸ਼ਹਿਰ ਨੂੰ ਕਵਰ ਕਰਨ ਵਾਲੇ 112 ਕਿਲੋਮੀਟਰ ਲੰਬੇ ਟਰਾਂਸਮਿਸ਼ਨ ਨੈੱਟਵਰਕ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਪਾਣੀ ਦੇ ਟੈਂਕੀਆਂ ਵਿੱਚ ਪੰਪ ਕੀਤਾ ਜਾਵੇਗਾ। ਪ੍ਰੋਜੈਕਟ ਤਹਿਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ 45 ਨਵੀਂ ਪਾਣੀ ਦੀਆਂ ਟੈਂਕੀਆਂ ਜਿਹਨਾਂ ਦੀ ਸਮਰਥਾ ਦੱਸ ਲੱਖ, ਪੰਦਰਾਂ ਲੱਖ ਅਤੇ ਵੀ ਲੱਖ ਲੀਟਰ ਪਾਣੀ ਸਟੋਰ ਕਰਨ ਦੀ ਹੋਵੇਗੀ ਅਤੇ ਇਹਨਾਂ ਟੈਂਕੀਆਂ ਦੀ ਔਸਤ ਉਚਾਈ 25-30 ਮੀਟਰ ਤੱਕ ਦੀ ਹੈ। ਇਸ ਨਾਲ ਸ਼ਹਿਰ ਵਾਸੀਆਂ ਨੂੰ ਪਾਣੀ ਦੀ ਨਿਰੰਤਰ ਸਪਲਾਈ ਬਰਕਰਾਰ ਰੱਖਣ ਵਿਚ ਮਦਦ ਮਿਲੇਗੀ। ਇਸ ਪ੍ਰੋਜੈਕਟ ਤਹਿਤ ਬੁਨਿਆਦੀ ਢਾਂਚੇ ਦਾ ਨਿਰਮਾਣ ਅਗਲੇ 30 ਸਾਲਾਂ ਦੀ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਨਾਲ 2025 ਤੱਕ 14.51 ਲੱਖ ਅਤੇ 2055 ਤੱਕ ਲੱਗਭਗ 22.11 ਲੱਖ ਦੀ ਅੰਦਾਜ਼ਨ ਆਬਾਦੀ ਵਾਲੇ ਅੰਮ੍ਰਿਤਸਰ ਦੇ ਵਸਨੀਕਾਂ ਨੂੰ ਲਾਭ ਹੋਵੇਗਾ।

## ਪ੍ਰੋਜੈਕਟ ਦੇ ਉਦੇਸ਼:

- ਧਰਤੀ ਹੇਠਲੇ ਪਾਣੀ ਦੇ ਸਰੋਤਾਂ ਨੂੰ ਸਤਹੀ ਪਾਣੀ ਦੇ ਸਰੋਤਾਂ ਨਾਲ ਬਦਲਣਾ।
- ਵਾਟਰ ਟ੍ਰੀਟਮੈਂਟ ਪਲਾਂਟ ਦਾ ਨਿਰਮਾਣ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਦਾ ਵਿਸਤਾਰ ਕਰਨਾ।
- ਵੱਧ ਤੋਂ ਵੱਧ ਘਰਾਂ ਨੂੰ ਪਾਣੀ ਦੇ ਕੁਨੈਕਸ਼ਨਾ ਨਾਲ ਜੋੜਨਾ ਅਤੇ ਮੀਟਰਿੰਗ ਵਿੱਚ ਵਾਧਾ ਕਰਨਾ।
- ਲਾਗਤ ਵਸੂਲੀ ਵਿੱਚ ਸੁਧਾਰ ਅਤੇ ਪਾਣੀ ਦੀ ਚੋਰੀ ਨੂੰ ਰੋਕਣਾ।

## ਵਾਟਰ ਟਰੀਟਮੈਂਟ ਪਲਾਂਟ ਡਿਜ਼ਾਇਨ

ਵਾਟਰ ਟ੍ਰੀਟਮੈਂਟ ਪਲਾਂਟ 40.40 ਕਰੋੜ ਲੀਟਰ ਪਾਣੀ ਨੂੰ ਪ੍ਰਤੀ ਦਿਨ ਸਾਫ਼ (treat) ਕਰਨ ਦੀ ਸਮਰੱਥਾ ਵਾਲਾ ਬਣਾਇਆ ਜਾ ਰਿਹਾ ਹੈ। ਵਾਟਰ ਟ੍ਰੀਟਮੈਂਟ ਪਲਾਂਟ ਦੇ ਹਾਈਡ੍ਰੌਲਿਕਸ ਨੂੰ ਇਸ ਤਰੀਕੇ ਨਾਲ ਡਿਜ਼ਾਇਨ ਕੀਤਾ ਗਿਆ ਹੈ ਕਿ ਪਾਣੀ ਦਾ ਬਹਾਵ ਕੈਸਕੇਡ ਏਰੀਏਟਰ ਤੋਂ ਸਾਫ਼ ਪਾਣੀ ਦੇ ਸਟੋਰੇਜ ਟੈਂਕ ਤੱਕ ਗਰੈਵਿਟੀ ਦੀ ਫੋਰਸ ਨਾਲ ਹੋਵੇਗਾ। ਪਾਣੀ ਦੇ ਸ਼ੁੱਧੀਕਰਨ ਦੌਰਾਨ ਪੈਦਾ ਹੋਣ ਵਾਲੀ ਰਹਿੰਦ-ਖੂੰਹਦ ਨੂੰ ਸਲੱਜ ਟ੍ਰੀਟਮੈਂਟ ਪਲਾਂਟ ਰਾਹੀਂ ਪ੍ਰੋਸੈਸ ਕਰਕੇ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਇਆ ਜਾਵੇਗਾ।

**ਪਾਣੀ ਸਫਾਈ ਯੰਤਰ ਦਾ ਪ੍ਰਵਾਹ ਸਕੀਮ ਅਤੇ ਪ੍ਰਕਿਰਿਆ ਇਕਾਈਆਂ:**


1. **ਕੈਸਕੇਡ ਏਰੇਟਰ:** UBDC ਕੈਨਾਲ ਤੋਂ ਕੱਚਾ ਪਾਣੀ ਪਹਿਲਾਂ ਸੈਟਲ ਕੀਤਾ ਜਾਂਦਾ ਹੈ ਅਤੇ ਫਿਰ ਕੈਸਕੇਡ ਏਰੇਟਰ ਨੂੰ ਭੇਜਿਆ ਜਾਂਦਾ ਹੈ, ਜਿੱਥੇ ਇਹ ਐਰੇਸ਼ਨ ਦੁਆਰਾ ਲੋਹੇ ਦੀ ਸਮੱਗਰੀ ਨੂੰ ਘਟਾਉਣ ਅਤੇ ਸਵਾਦ ਅਤੇ ਗੰਧ ਨੂੰ ਸੁਧਾਰਨ ਲਈ ਗੁਜ਼ਰਦਾ ਹੈ।
2. **ਇਨਲੈਟ ਚੈਂਬਰ:** ਐਰੇਟੇਡ ਪਾਣੀ ਨੂੰ ਇਕੱਠਾ ਕਰਦਾ ਹੈ ਅਤੇ 60 ਸੈਕਿੰਡ ਦੇ ਡਿਟੇਂਸ਼ਨ ਸਮੇਂ ਨਾਲ ਸਟ੍ਰੀਮਲਾਈਨਡ ਪ੍ਰਵਾਹ ਨੂੰ ਯਕੀਨੀ ਬਣਾਉਂਦਾ ਹੈ। ਇੱਥੇ ਪ੍ਰੀ-ਕਲੋਰੀਨੇਸ਼ਨ ਕੀਤਾ ਜਾਂਦਾ ਹੈ।
3. **ਇਨਲੈਟ ਚੈਨਲ ਵਿਥ ਪਾਰਸ਼ਲ ਫਲੂਮ:** ਪ੍ਰੀ-ਕਲੋਰੀਨੇਟ ਕੀਤਾ ਪਾਣੀ ਚੈਨਲ ਵਿੱਚੋਂ ਵਗਦਾ ਹੈ, ਜਿੱਥੇ ਐਲਮ ਅਤੇ ਚੂਨਾ ਗਠਜੋੜ ਅਤੇ ਖਾਰੀਤਾ ਦੇ ਨਿਰਧਾਰਨ ਲਈ ਡੋਜ਼ ਕੀਤਾ ਜਾਂਦਾ ਹੈ।
4. **ਡਿਸਟ੍ਰੀਬਿਊਸ਼ਨ ਚੈਂਬਰ:** ਫਲੈਸ਼ ਮਿਕਸਰਾਂ ਵਿੱਚ ਪਾਣੀ ਦੇ ਸਹੀ ਵੰਡ ਨੂੰ ਯਕੀਨੀ ਬਣਾਉਣ ਲਈ ਸਲੂਸ ਗੇਟਾਂ ਨਾਲ ਲੈਸ ਕੀਤਾ ਗਿਆ ਹੈ।
5. **ਫਲੈਸ਼ ਮਿਕਸਰ:** ਐਲਮ ਅਤੇ ਚੂਨਾ ਨਾਲ ਪਾਣੀ ਦੇ ਤੇਜ਼ ਮਿਲਾਓ ਨਾਲ ਮਾਈਕ੍ਰੋ ਫਲੋਕਸ ਬਣਾਉਣ ਲਈ।
6. **ਡਰਾਪ ਚੈਂਬਰ:** ਪਾਣੀ ਫਲੈਸ਼ ਮਿਕਸਰਾਂ ਤੋਂ ਡਰਾਪ ਚੈਂਬਰਾਂ ਵਿੱਚ ਦਾਖਲ ਹੁੰਦਾ ਹੈ ਅਤੇ ਫਿਰ ਸਾਲਿਡ ਰੀਸਰਕੂਲੇਸ਼ਨ ਕਲੈਰੀਫਾਇਰਜ਼ ਨੂੰ ਭੇਜਿਆ ਜਾਂਦਾ ਹੈ।
7. **ਸਾਲਿਡ ਰੀਸਰਕੂਲੇਸ਼ਨ ਕਲੈਰੀਫਾਇਰ:** ਫਲੋਕੁਲੇਸ਼ਨ ਅਤੇ ਸੈਡੀਮੈਂਟੇਸ਼ਨ ਨੂੰ ਇੱਕ ਇਕਾਈ ਵਿੱਚ ਜੋੜਦਾ ਹੈ, ਜਿਹੜੀ ਸਸਪੈਂਡ ਮੈਟਰ, ਟਰਬਿਡਿਟੀ ਆਦਿ ਨੂੰ ਹਟਾਉਂਦੀ ਹੈ।
8. **ਕਲੈਰੀਫਾਇਡ ਵਾਟਰ ਚੈਨਲ:** ਕਲੈਰੀਫਾਇਡ ਪਾਣੀ ਨੂੰ ਇਕੱਠਾ ਕਰਦਾ ਹੈ ਅਤੇ ਇਸਨੂੰ ਬਾਈਪਾਸ ਚੈਨਲ ਵਿੱਚ ਲੈ ਜਾਂਦਾ ਹੈ।
9. **ਬਾਈਪਾਸ ਚੈਨਲ:** ਡਿਸਟ੍ਰੀਬਿਊਸ਼ਨ ਚੈਂਬਰ ਅਤੇ ਫਿਲਟਰ ਇਨਲੈਟ ਚੈਨਲ ਨੂੰ ਜੁੜਦਾ ਹੈ, ਜੋ ਪਾਣੀ ਦੀ ਵਧੀਆ ਗੁਣਵੱਤਾ ਦੌਰਾਨ ਕਲੈਰੀਫਾਇਰਜ਼ ਨੂੰ ਬਾਈਪਾਸ ਕਰਕੇ ਸਿੱਧੀ ਫਿਲਟ੍ਰੇਸ਼ਨ ਦੀ ਇਜਾਜ਼ਤ ਦਿੰਦਾ ਹੈ।
10. **ਫਿਲਟਰ ਇਨਲੈਟ ਚੈਨਲ:** ਕਲੈਰੀਫਾਇਡ ਪਾਣੀ ਨੂੰ ਤੇਜ਼ ਗ੍ਰੈਵਿਟੀ ਡੂਅਲ ਮੀਡੀਆ ਫਿਲਟਰਾਂ ਤੱਕ ਲੈ ਜਾਂਦਾ ਹੈ।

11. **ਤੇਜ਼ ਗ੍ਰੈਵਿਟੀ ਫਿਲਟਰ (ਡੁਅਲ ਮੀਡੀਆ):** 24 ਫਿਲਟਰ (22 ਕਾਰਜਸ਼ੀਲ, 2 ਰਿਜ਼ਰਵ) ਡੁਅਲ ਮੀਡੀਆ (ਰੇਤ ਅਤੇ ਗ੍ਰੈਨੁਲਰ ਐਕਟਿਵੇਟਡ ਕਾਰਬਨ) ਨਾਲ ਅਸਰਦਾਰ ਫਿਲਟ੍ਰੇਸ਼ਨ ਯਕੀਨੀ ਬਣਾਉਂਦੇ ਹਨ।
12. **ਫਿਲਟਰਡ ਵਾਟਰ ਚੈਨਲ:** ਫਿਲਟਰਡ ਪਾਣੀ ਨੂੰ ਕਲੋਰੀਨ ਸੰਪਰਕ ਟੈਂਕ ਤੱਕ ਲੈ ਜਾਂਦਾ ਹੈ।
13. **ਕਲੋਰੀਨ ਸੰਪਰਕ ਟੈਂਕ:** ਪੋਸਟ ਕਲੋਰੀਨੇਸ਼ਨ ਲਈ 30 ਮਿੰਟ ਦੇ ਡਿਟੇਂਸ਼ਨ ਸਮੇਂ ਨਾਲ ਪ੍ਰਦਾਨ ਕੀਤਾ ਜਾਂਦਾ ਹੈ।
14. **ਸਾਫ਼ ਪਾਣੀ ਦਾ ਰਿਜ਼ਰਵਾਇਰ:** ਸਾਫ਼ ਪਾਣੀ ਨੂੰ ਸਟੋਰ ਕਰਦਾ ਹੈ ਤਾ ਕਿ ਇਸਦੀ ਵੰਡ ਕੀਤੀ ਜਾ ਸਕੇ।

ਪਲਾਂਟ ਨੂੰ ਪੂਰੇ ਪਾਣੀ ਸਫਾਈ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ ਉੱਚ-ਗੁਣਵੱਤਾ ਵਾਲੇ ਸਾਫ਼ ਪਾਣੀ ਦੇ ਨਿਕਾਸ ਅਤੇ ਪ੍ਰਭਾਵਸ਼ਾਲੀ ਗਾਦ ਪ੍ਰਬੰਧਨ ਨੂੰ ਯਕੀਨੀ ਬਣਾਉਂਦਾ ਹੈ।

ਹੋਰ ਜਾਣਕਾਰੀ ਲਈ ਥੱਲੇ ਦਿੱਤੇ ਵੀਡੀਓ ਲਿੰਕ 'ਤੇ ਕਲਿੱਕ ਕਰੋ।

https://youtu.be/hSXyBHAHqCw




**ਵਾਟਰ ਟ੍ਰੀਟਮੈਂਟ ਪਲਾਂਟ ਦਾ ਖਾਕਾ**

# ਪ੍ਰੋਜੈਕਟ ਨਾਲ ਸੰਬੰਧਤ ਅਕਸਰ ਪੁੱਛੇ ਜਾਣ ਵਾਲੇ ਸਵਾਲ ਅਤੇ ਉਹਨਾਂ ਦੇ ਜਵਾਬ

1. **ਪੰਜਾਬ ਮਿਉਂਸਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ (PMSIP) ਕੀ ਹੈ?**

   ਪੰਜਾਬ ਮਿਉਂਸਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ (PMSIP) ਪੰਜਾਬ ਸਰਕਾਰ ਵਲੋਂ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਇੱਕ ਯੋਜਨਾ ਹੈ, ਜਿਸਦਾ ਉਦੇਸ਼ ਮਿਉਂਸਪਲ ਸੇਵਾਵਾਂ ਵਿਚ ਸੁਧਾਰ ਕਰਨਾ ਅਤੇ ਸੇਵਾਵਾਂ ਨੂੰ ਪ੍ਰਭਾਵੀ ਤਰੀਕੇ ਨਾਲ ਸਮੇਂ ਸਿਰ ਉਪਲੱਬਧ ਕਰਵਾਉਣਾ ਹੈ। ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ PMSIP ਦਾ ਇੱਕ ਹਿੱਸਾ ਹੈ, ਜਿਸਦਾ ਉਦੇਸ਼ ਅੰਮ੍ਰਿਤਸਰ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਣਾਲੀ ਨੂੰ ਬਿਹਤਰ ਅਤੇ ਮਜ਼ਬੂਤ ਕਰਨਾ ਹੈ।

2. **ਅੰਮ੍ਰਿਤਸਰ ਵਿੱਚ ਬਲਕ ਵਾਟਰ ਸਪਲਾਈ ਸਕੀਮ ਦੀ ਲੋੜ ਕਿਉਂ ਹੈ?**

   ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪੰਜਾਬ ਭਰ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ। ਅੰਮ੍ਰਿਤਸਰ ਵਿੱਚ ਵੀ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਅੰਮ੍ਰਿਤਸਰ ਵਿੱਚ ਸਾਲ 1984 ਤੋਂ 2016 ਦਰਮਿਆਨ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ 10 ਤੋਂ 15 ਮੀਟਰ ਦੀ ਗਿਰਾਵਟ ਦਰਜ ਕੀਤੀ ਗਈ ਹੈ। ਅੰਮ੍ਰਿਤਸਰ ਪੰਜਾਬ ਦੇ ਉਨ੍ਹਾਂ ਜ਼ਿਲ੍ਹਿਆਂ ਵਿੱਚੋਂ ਇੱਕ ਹੈ ਜਿੱਥੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਉਸ ਦੇ ਕੁਦਰਤੀ ਤੋਰ ਤੇ ਰੀਚਾਰਜ ਹੋਣ ਦੀ ਸਮਰੱਥਾ ਤੋਂ ਵੱਧ ਕੀਤੀ ਜਾ ਰਹੀ ਹੈ। ਪਾਣੀ ਦਾ ਪੱਧਰ ਡਿੱਗਣ ਨਾਲ ਪਾਣੀ ਦੀ ਗੁਣਵੱਤਾ 'ਤੇ ਵੀ ਅਸਰ ਪੈ ਰਿਹਾ ਹੈ ਅਤੇ ਕਈ ਥਾਵਾਂ 'ਤੇ ਧਰਤੀ ਹੇਠਲੇ ਪਾਣੀ ਵਿਚ ਅਜਿਹੀਆਂ ਅਸ਼ੁੱਧੀਆਂ ਪਾਈਆਂ ਗਈਆਂ ਹਨ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹੋ ਸਕਦੀਆਂ ਹਨ। ਇਸ ਲਈ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਬਲਕ ਵਾਟਰ ਸਪਲਾਈ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਹਿਰ ਵਿੱਚ ਪਾਣੀ ਦੀ ਸਪਲਾਈ ਦੇ ਸਰੋਤ ਨੂੰ ਧਰਤੀ ਹੇਠਲੇ ਪਾਣੀ ਤੋਂ ਬਦਲ ਕੇ ਯੂ.ਬੀ.ਡੀ.ਸੀ. ਨਹਿਰ ਤੇ ਅਧਾਰਿਤ ਕੀਤਾ ਜਾ ਰਿਹਾ ਹੈ।

3. **ਇਸ ਸਮੇਂ ਸ਼ਹਿਰ ਵਿੱਚ ਪਾਣੀ ਦੀ ਸਪਲਾਈ ਦਾ ਕੀ ਪ੍ਰਬੰਧ ਹੈ?**

   ਇਸ ਵੇਲੇ ਸ਼ਹਿਰ ਦੀ ਜਲ ਸਪਲਾਈ ਪ੍ਰਣਾਲੀ ਧਰਤੀ ਹੇਠਲੇ ਪਾਣੀ ’ਤੇ ਨਿਰਭਰ ਹੈ, ਮੌਜੂਦਾ ਸਮੇਂ ਤੇ ਨਗਰ ਨਿਗਮ ਵੱਲੋਂ ਕਰੀਬ 500-550 ਟਿਊਬਵੈਲਾਂ ਅਤੇ 1600 ਕਿਲੋਮੀਟਰ ਲੰਬੇ ਪਾਈਪਲਾਈਨ ਨੈਟਵਰਕ ਰਾਹੀਂ ਕਰੀਬ 2 ਲੱਖ ਘਰੇਲੂ ਕੁਨੈਕਸ਼ਨਾਂ ਨੂੰ ਰੋਜ਼ਾਨਾ 08-10 ਘੰਟਿਆਂ ਲਈ ਦੋ-ਤਿੰਨ ਅੰਤਰਾਲ ਵਿੱਚ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ।

4. **ਅੱਪਰ ਬਾਰੀ ਦੁਆਬ ਨਹਿਰ (UBDC) ਦੇ ਪਾਣੀ ਦਾ ਸਰੋਤ ਕੀ ਹੈ ਅਤੇ ਇਸ ਦਾ ਪਾਣੀ ਕਿੱਥੇ ਫਿਲਟਰ ਕੀਤਾ ਜਾਵੇਗਾ?**

   ਅੱਪਰ ਬਾਰੀ ਦੁਆਬ ਨਹਿਰ (UBDC) ਦੇ ਪਾਣੀ ਦਾ ਸਰੋਤ ਰਾਵੀ ਦਰਿਆ ਹੈ। UBDC ਨਹਿਰ ਪਠਾਨਕੋਟ ਜ਼ਿਲ੍ਹੇ ਦੇ ਸੁਜਾਨਪੁਰ ਨਾਮਕ ਸਥਾਨ 'ਤੇ ਰਾਵੀ ਦਰਿਆ 'ਤੇ ਬਣੇ ਬੈਰਾਜ ਤੋਂ ਨਿਕਲਦੀ ਹੈ। ਯੂਬੀਡੀਸੀ ਦੇ ਪਾਣੀ ਨੂੰ ਫਿਲਟਰ ਕਰਨ ਲਈ ਵੱਲਾ ਪਿੰਡ ਨੇੜੇ 40 ਏਕੜ ਰਕਬੇ ਵਿੱਚ ਆਧੁਨਿਕ ਵਾਟਰ ਟ੍ਰੀਟਮੈਂਟ ਪਲਾਂਟ ਬਣਾਇਆ ਜਾ ਰਿਹਾ ਹੈ। ਜਿਸ ਦੀ ਰੋਜ਼ਾਨਾ 44 ਕਰੋੜ ਲੀਟਰ ਪਾਣੀ ਨੂੰ ਫਿਲਟਰ ਕਰਨ ਦੀ ਸਮਰੱਥਾ ਹੈ। ਪਲਾਂਟ ਦੇ ਨਾਲ ਵਹਿਣ ਵਾਲੀ UBDC ਨਹਿਰ

ਤੋਂ 200 ਕਿਊਸਿਕ (ਘਣ ਫੁੱਟ ਪ੍ਰਤੀ ਸਕਿੰਟ) ਪਾਣੀ ਲਿਆ ਜਾਵੇਗਾ। ਨਹਿਰ ਵਿੱਚ ਪਾਣੀ ਦਾ ਅਧਿਕਾਰਤ ਵਹਾਅ 9000 ਕਿਊਸਿਕ ਹੈ।

5. **ਇਸ ਪ੍ਰੋਜੈਕਟ ਵਿੱਚ ਅੰਮ੍ਰਿਤਸਰ ਨਗਰ ਨਿਗਮ ਦੀ ਕੀ ਭੂਮਿਕਾ ਹੈ?**

   ਅੰਮ੍ਰਿਤਸਰ ਨਗਰ ਨਿਗਮ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਵਾਲੀ ਏਜੰਸੀ ਹੈ ਅਤੇ ਪੂਰੇ ਪ੍ਰੋਜੈਕਟ ਦਾ ਪ੍ਰਬੰਧਨ ਵੀ ਨਗਰ ਨਿਗਮ ਵਲੋਂ ਹੀ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਸ ਪ੍ਰਾਜੈਕਟ ਤਹਿਤ ਬਣਾਏ ਜਾ ਰਹੇ ਬੁਨਿਆਦੀ ਢਾਂਚੇ ਦਾ ਸੰਚਾਲਨ ਅਤੇ ਰੱਖ-ਰਖਾਅ ਨਗਰ ਨਿਗਮ ਵੱਲੋਂ ਹੀ ਕੀਤਾ ਜਾਵੇਗਾ।

6. **ਕਿਹੜੀ ਕੰਪਨੀ ਇਸ ਪ੍ਰੋਜੈਕਟ 'ਤੇ ਕੰਮ ਕਰ ਰਹੀ ਹੈ?**

   ਇਸ ਪ੍ਰਾਜੈਕਟ ਦਾ ਠੇਕਾ ਸਰਕਾਰ ਵੱਲੋਂ ਲਾਰਸਨ ਐਂਡ ਟੂਬਰੋ ਕੰਪਨੀ ਨੂੰ ਦਿੱਤਾ ਗਿਆ ਹੈ।

7. **ਪ੍ਰੋਜੈਕਟ ਨੂੰ ਲਾਗੂ ਕਰਨ ਦੌਰਾਨ ਸ਼ਹਿਰ ਤੇ ਇਸਦੇ ਸਮਾਜਿਕ ਅਤੇ ਵਾਤਾਵਰਣ ਪ੍ਰਭਾਵ ਕਿਹੜੇ ਹਨ ?**

   ਪ੍ਰੋਜੈਕਟ ਤਹਿਤ ਉਸਾਰੀ ਵਾਲੀ ਥਾਵਾਂ ਦੀ ਸ਼ੁਰੂਆਤੀ ਸਕਰੀਨਿੰਗ ਦੌਰਾਨ ਇਹ ਪਾਇਆ ਗਿਆ ਕਿ ਸਮੁੱਚੇ ਤੌਰ 'ਤੇ ਪ੍ਰੋਜੈਕਟ ਦਾ ਸ਼ਹਿਰ ਦੇ ਸਮਾਜਿਕ ਜਾਂ ਵਾਤਾਵਰਣ ਪਹਿਲੂਆਂ 'ਤੇ ਕੋਈ ਵੱਡਾ ਪ੍ਰਭਾਵ ਨਹੀਂ ਪਵੇਗਾ। ਵਾਤਾਵਰਣ ਦੇ ਨਜ਼ਰੀਏ ਤੋਂ ਪਾਈਪ ਲਾਈਨ ਵਿਛਾਉਣ ਦੇ ਰਾਹ ਵਿੱਚ ਕੁਝ ਦਰੱਖਤ ਆ ਰਹੇ ਹਨ। ਜਿਨ੍ਹਾਂ ਨੂੰ ਹਟਾਇਆ ਜਾ ਰਿਹਾ ਹੈ, ਪਰ ਇਸ ਨੁਕਸਾਨ ਦੀ ਭਰਪਾਈ ਲਈ ਇਸ ਪ੍ਰਾਜੈਕਟ ਤਹਿਤ ਹਟਾਏ ਗਏ ਦਰੱਖਤਾਂ ਨਾਲੋਂ ਦਸ ਗੁਣਾ ਵੱਧ ਦਰਖ਼ਤ ਲਗਾਏ ਜਾ ਰਹੇ ਹਨ। ਪਾਈਪਲਾਈਨ ਵਿਛਾਉਣ ਦੇ ਦੌਰਾਨ, ਇਸ ਗੱਲ ਦੀ ਸੰਭਾਵਨਾ ਹੈ ਕਿ ਕੁਝ ਰੇਹੜੀ-ਫੜੀ ਵਾਲਿਆਂ ਨੂੰ ਥੋੜ੍ਹੇ ਸਮੇਂ ਲਈ (2-3 ਦਿਨਾਂ) ਲਈ ਅਸਥਾਈ ਤੌਰ 'ਤੇ ਵਿਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਇੱਕ ਵਾਰ ਕੰਮ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੁੜ ਉਹਨਾਂ ਦੇ ਸਥਾਨਾਂ 'ਤੇ ਬਹਾਲ ਵੀ ਕੀਤਾ ਜਾ ਰਿਹਾ ਹੈ।

8. **ਅੰਮ੍ਰਿਤਸਰ ਸ਼ਹਿਰ ਵਿੱਚ ਬਲਕ ਵਾਟਰ ਸਪਲਾਈ ਸਕੀਮ ਤਹਿਤ ਪਾਣੀ ਦੀ ਸਪਲਾਈ ਕਿਵੇਂ ਕੀਤੀ ਜਾਵੇਗੀ?**

   ਅੰਮ੍ਰਿਤਸਰ ਸ਼ਹਿਰ ਵਿੱਚ ਬਲਕ ਵਾਟਰ ਸਪਲਾਈ ਸਕੀਮ ਤਹਿਤ, ਅੱਪਰ ਬਾਰੀ ਦੁਆਬ ਨਹਿਰ ਦੇ ਪਾਣੀ ਨੂੰ ਵਾਟਰ ਟ੍ਰੀਟਮੈਂਟ ਪਲਾਂਟ, ਵੱਲਾ ਵਿਖੇ ਫਿਲਟਰ ਕੀਤਾ ਜਾਵੇਗਾ। ਫਿਰ 112 ਕਿ.ਮੀ. ਲੰਬੀ ਟਰਾਂਸਮਿਸ਼ਨ ਲਾਈਨ ਨਾਲ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਥਿਤ ਲਗਭਗ 82 ਪਾਣੀ ਦੀਆਂ ਟੈਂਕੀਆਂ ਤੱਕ ਪਾਣੀ ਨੂੰ ਪੰਪ ਕੀਤਾ ਜਾਵੇਗਾ ਅਤੇ ਫਿਰ ਪਾਣੀ ਦੀਆਂ ਟੈਂਕੀਆਂ ਤੋਂ ਵਾਟਰ ਸਪਲਾਈ ਨੈੱਟਵਰਕ ਨਾਲ ਜੁੜੇ ਘਰਾਂ ਨੂੰ ਪਾਣੀ ਦੀ ਸਪਲਾਈ ਕੀਤੀ ਜਾਵੇਗੀ। ਬਲਕ ਵਾਟਰ ਸਪਲਾਈ ਸਕੀਮ ਤਹਿਤ ਬਣਾਏ ਗਏ ਸਾਰੇ ਬੁਨਿਆਦੀ ਢਾਂਚੇ ਦੀ ਨਿਗਰਾਨੀ ਸੁਪਰਵਾਈਜ਼ਰੀ ਕੰਟਰੋਲ ਅਤੇ ਡਾਟਾ ਐਕਵਾਇਰ (Supervisory Control and Data Acquisition SCADA) ਸਿਸਟਮ ਦੁਆਰਾ ਕੀਤੀ ਜਾਵੇਗੀ। SCADA ਸਾਜ਼ੋ-ਸਾਮਾਨ ਦੀ ਨਿਗਰਾਨੀ ਅਤੇ ਨਿਯੰਤਰਣ ਕਰਨ ਲਈ ਅਸਲ-ਸਮੇਂ ਦੇ ਡੇਟਾ ਨੂੰ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਕਰਨ ਲਈ ਇੱਕ ਕੰਪਿਊਟਰ-ਆਧਾਰਿਤ ਪ੍ਰਣਾਲੀ ਹੈ।

9. **ਜੇਕਰ ਪਾਈਪ ਲਾਈਨ ਵਿਛਾਉਣ ਜਾਂ ਟੈਂਕੀ ਦੀ ਉਸਾਰੀ ਦੌਰਾਨ ਕਿਸੇ ਕਿਸਮ ਦੀ ਟੁੱਟ-ਭੱਜ ਹੁੰਦੀ ਹੈ, ਜਿਵੇਂ ਕਿ ਗੈਸ, ਪਾਣੀ, ਸੀਵਰੇਜ ਆਦਿ ਦੀਆਂ ਪਾਈਪਾਂ ਆਦਿ ਵਿੱਚ ਕੋਈ ਟੁੱਟ-ਭੱਜ ਹੋਵੇ, ਤਾਂ ਇਸਦੀ ਮੁਰੰਮਤ ਕੌਣ ਕਰੇਗਾ?**

ਜੇਕਰ ਪਾਈਪਲਾਈਨ ਜਾਂ ਟੈਂਕੀ ਦੇ ਨਿਰਮਾਣ ਦੌਰਾਨ ਕੋਈ ਨੁਕਸਾਨ ਜਾਂ ਟੁੱਟ-ਭੱਜ ਹੁੰਦੀ ਹੈ, ਤਾਂ ਲਾਰਸਨ ਐਂਡ ਟੂਬਰੋ ਕੰਪਨੀ ਵਲੋਂ ਹੀ ਟੁੱਟ-ਭੱਜ ਦੀ ਮੁਰੰਮਤ ਕੀਤੀ ਜਾਵੇਗੀ। ਨਗਰ ਨਿਗਮ ਵਲੋਂ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਜੋ ਵੀ ਨੁਕਸਾਨ ਜਾਂ ਟੁੱਟ-ਭੱਜ ਹੋਈ ਹੈ ਉਸ ਦੀ ਮੁਰੰਮਤ ਦਾ ਕੰਮ ਸਮੇਂ ਸਿਰ ਅਤੇ ਪਹਿਲ ਦੇ ਆਧਾਰ ਪੂਰਾ ਕੀਤਾ ਜਾਵੇ।

10. **ਕੀ ਨਵੀਂ ਪਾਈਪਲਾਈਨ ਵਿਛਾਉਣ ਜਾਂ ਪੁਰਾਣੀਆਂ ਟੈਂਕੀਆਂ ਦੀ ਮੁਰੰਮਤ ਕਰਨ ਵੇਲੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ?**

ਨਹੀਂ, ਨਵੀਆਂ ਪਾਈਪਲਾਈਨਾਂ ਵਿਛਾਉਣ ਜਾਂ ਪੁਰਾਣੀਆਂ ਟੈਂਕੀਆਂ ਦੀ ਮੁਰੰਮਤ ਕਰਨ ਵੇਲੇ ਪਾਣੀ ਦੀ ਸਪਲਾਈ ਪਹਿਲਾਂ ਵਾਂਗ ਹੀ ਚਾਲੂ ਰਹੇਗੀ?

11. **ਉਸਾਰੀ ਦੇ ਕੰਮ ਦੌਰਾਨ ਪੈਦਾ ਹੋਏ ਮਲਬੇ ਨੂੰ ਕਿਵੇਂ ਨਿਪਟਾਇਆ ਜਾ ਰਿਹਾ ਹੈ ਅਤੇ ਪ੍ਰੋਜੈਕਟ ਦੇ ਤਹਿਤ ਸੜਕਾਂ ਦੀ ਹੋਏ ਟੁੱਟ-ਭੰਨ ਨੂੰ ਦੁਬਾਰਾ ਕਿਵੇਂ ਬਣਾਇਆ ਜਾ ਰਿਹਾ ਹੈ?**

ਮਲਬੇ ਅਤੇ ਹੋਰ ਨਿਰਮਾਣ ਸਮੱਗਰੀ ਦਾ ਨਿਪਟਾਰਾ ਨਗਰ ਨਿਗਮ ਦੁਆਰਾ ਨਿਰਧਾਰਤ ਸਥਾਨ 'ਤੇ ਕੀਤਾ ਜਾ ਰਿਹਾ ਹੈ ਤਾਂ ਜੋ ਧੂੜ ਕਾਰਨ ਹੋਣ ਵਾਲੇ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ। ਇਸ ਤੋਂ ਇਲਾਵਾ ਉਸਾਰੀ ਵਾਲੀ ਥਾਂ 'ਤੇ ਪਾਣੀ ਦਾ ਛਿੜਕਾਅ ਕਰਕੇ ਵੀ ਧੂੜ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਰਿਹਾ ਹੈ। ਪਾਈਪ ਲਾਈਨ ਵਿਛਾਉਣ ਤੋਂ ਬਾਅਦ ਸੜਕ ਦੀ ਮੁੜ ਉਸਾਰੀ ਦਾ ਕੰਮ ਲਾਰਸਨ ਐਂਡ ਟੂਬਰੋ ਕੰਪਨੀ ਵੱਲੋਂ ਹੀ ਕੀਤਾ ਜਾਵੇਗਾ। ਸੜਕ 'ਤੇ ਪਾਈਪਾਂ ਵਿਛਾਉਣ ਤੋਂ ਬਾਅਦ ਉਸ ਦੀ ਪੱਕੀ ਉਸਾਰੀ ਵਿੱਚ ਘੱਟੋ-ਘੱਟ 2 ਤੋਂ 3 ਮਹੀਨੇ ਲੱਗ ਜਾਂਦੇ ਹਨ। ਕਿਉਂਕਿ ਮਿੱਟੀ ਨੂੰ ਬੈਠਣ ਵਿੱਚ ਸਮਾਂ ਲੱਗਦਾ ਹੈ ਜੇਕਰ ਪਾਈਪ ਵਿਛਾਉਣ ਤੋਂ ਬਾਅਦ ਤੁਰੰਤ ਸੜਕ ਬਣਾ ਦਿੱਤੀ ਜਾਵੇ ਤਾਂ ਜਲਦੀ ਹੀ ਸੜਕ ਖ਼ਰਾਬ ਹੋ ਜਾਵੇਗੀ। ਇਸ ਲਈ ਪਾਈਪਾਂ ਵਿਛਾਉਣ ਤੋਂ ਬਾਅਦ ਆਰਜ਼ੀ ਤੌਰ ’ਤੇ ਸੜਕ ਤਿਆਰ ਕੀਤੀ ਜਾ ਰਹੀ ਹੈ ਅਤੇ ਪੱਕੇ ਤੌਰ ’ਤੇ ਸੜਕ ਨੂੰ ਮੁੜ ਬਣਾਉਣ ਲਈ ਘੱਟੋ-ਘੱਟ ਦੋ ਤੋਂ ਤਿੰਨ ਮਹੀਨੇ ਦਾ ਸਮਾਂ ਲੱਗ ਰਿਹਾ ਹੈ।

12. **ਪ੍ਰੋਜੈਕਟ ਜਾਂ ਨਿਰਮਾਣ ਨਾਲ ਸਬੰਧਤ ਕੋਈ ਵੀ ਸ਼ਿਕਾਇਤ ਜਾਂ ਸੁਝਾਅ ਕਿਵੇਂ ਦਰਜ਼ ਕਰਵਾਏ ਜਾ ਸਕਦੇ ਹਨ ?**

ਪ੍ਰੋਜੈਕਟ ਜਾਂ ਨਿਰਮਾਣ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਲਈ, ਪ੍ਰਭਾਵਿਤ ਵਿਅਕਤੀ ਜਾਂ ਸ਼ਿਕਾਇਤਕਰਤਾ ਨਗਰ ਨਿਗਮ ਦੇ ਵਟਸਐਪ ਚੈਟਬੋਟ ਨੰਬਰ 87509-75975 ਜਾਂ ਨਗਰ ਨਿਗਮ ਦੀ ਟੋਲਫ੍ਰੀ ਹੈਲਪਲਾਈਨ 18001802103 ਜਾਂ 'ਪੰਜਾਬ ਐੱਮਸੇਵਾ' ਐਪ (ਐਂਡਰਾਇਡ ਪਲੇ ਸਟੋਰ ਅਤੇ iOS ਐਪ ਸਟੋਰ ਤੇ ਉਪਲਬਧ) ਰਾਹੀਂ ਜਾਂ ਵੈੱਬਸਾਈਟ https://mseva.lgpunjab.gov.in/ 'ਤੇ ਜਾ ਕੇ ਆਪਣੀ ਸ਼ਿਕਾਇਤ ਜਾਂ ਸੁਝਾਅ ਦਰਜ਼ ਕਰ ਸਕਦੇ ਹਨ। ਇਸ ਤੋਂ ਇਲਾਵਾ ਲਾਰਸਨ ਐਂਡ ਟੂਬਰੋ ਕੰਪਨੀ ਦੇ ਅਧਿਕਾਰੀ ਨੂੰ 83601-18925 'ਤੇ ਫੋਨ ਕਰਕੇ ਵੀ ਸ਼ਿਕਾਇਤ ਦਰਜ਼ ਕਰਵਾਈ ਜਾ ਸਕਦੀ ਹੈ।